## ਦਫ਼ਤਰ ਜ਼ਿਲ੍ਹਾ ਲੋਕ ਸੰਪਕਰ ਅਫ਼ਸਰ, ਫਾਜ਼ਿਲਕਾ

## 2 ਅਕਤੂਬਰ ਨੂੰ ਗ੍ਰਾਮ ਸਭਾ ਦੌਰਾਨ ਉਪਲਬੱਧ ਕਰਵਾਇਆ ਜਾਵੇ ਲੋੜੀਂਦਾ ਰਿਕਾਰਡ-ਡਿਪਟੀ ਡਾਇਰੈਕਟਰ

## ਅਧੂਰੇ ਵਿਕਾਸ ਕਾਰਜਾਂ ਨੂੰ ਜਲਦ ਕੀਤਾ ਜਾਵੇ ਮੁਕੰਮਲ-ਵਧੀਕ ਡਿਪਟੀ ਕਮਿਸ਼ਨਰ

## ਛੱਪੜਾਂ ਦੀ ਸਫਾਈ ਕਰ ਕੇ ਦਿੱਤੀ ਜਾਵੇ ਨਵੀਂ ਦਿਖ

ਫਾਜ਼ਿਲਕਾ 29 ਸਤੰਬਰ

ਸ਼ੋਸ਼ਲ ਆਡਿਟ ਵੱਲੋਂ ਪਾਈਆਂ ਗਈਆਂ ਤਰੁੱਟੀਆਂ ਦੇ ਸਬੰਧ ਵਿੱਚ ਮਗਨਰੇਗਾ ਸਕੀਮ ਤਹਿਤ ਵਧੀਕ ਡਿਪਟੀ ਕਮਿਸ਼ਨਰ(ਵਿਕਾਸ) ਸ੍ਰੀ ਰਣਬੀਰ ਸਿੰਘ ਮੁੰਧਲ ਵੱਲੋਂ ਸਮੂਹ ਮਗਨਰੇਗਾ ਸਟਾਫ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਡਿਪਟੀ ਡਾਇਰੈਕਟਰ ਸ਼ੋਸ਼ਲ ਆਡਿਟ ਯੂਨਿਟ ਚੰਡੀਗੜ੍ਹ ਸ੍ਰੀ ਇੰਦਰਜੀਤ ਧਾਲੀਵਾਲ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ।

ਮੀਟਿੰਗ ਦੌਰਾਨ ਡਿਪਟੀ ਡਾਇਰੈਕਟਰ ਸ਼ੋਸ਼ਲ ਆਡਿਟ ਯੂਨਿਟ ਨੇ ਮਗਨਰੇਗਾ ਵਿੱਚ ਸਪੈਸ਼ਲ ਨੁਕਤਿਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ 2 ਅਕਤੂਬਰ ਨੂੰ ਗ੍ਰਾਮ ਸਭਾ ਕੀਤੀ ਜਾਵੇ ਅਤੇ ਸ਼ੋਸ਼ਲ ਆਡਿਟ ਦੌਰਾਨ ਵੱਧ ਤੋਂ ਵੱਧ ਲੋਕਾਂ ਕੀ ਸ਼ਮੂਲੀਅਤ ਕਰਕੇ ਰਿਕਾਰਡ ਨੂੰ ਹਰ ਪੱਖੋਂ ਮੌਕੇ ’ਤੇ ਉਪਲਬੱਧ ਕਰਵਾਇਆ ਜਾਵੇ।

ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਣਬੀਰ ਸਿੰਘ ਮੁੱਧਲ ਵੱਲੋਂ ਮਗਨਰੇਗਾ ਸਟਾਫ ਨਾਲ ਪਿੰਡਾਂ ਦੀ ਨੁਹਾਰ ਬਦਲਣ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਨੂੰ ਵਰਤੋਂ ਵਿੱਚ ਲਿਆਉਣ, ਛੱਪੜਾਂ ਦੀ ਸਫਾਈ ਕਰਾ ਕੇ ਵਧੀਆਂ ਦਿੱਖ ਦੇਣ ਅਤੇ ਪਿੰਡਾਂ ਨੂੰ ਹਰ ਪੱਖੋਂ ਸਾਫ-ਸੁੱਥਰਾ ਕਰਨ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮਗਨਰੇਗਾ ਸਟਾਫ਼ ਨੂੰ ਸਖਤ

ਹਦਾਇਤਾਂ ਕੀਤੀਆਂ ਕਿ ਉਹ ਆਪੋ-ਆਪਣੇ ਪਿੰਡਾਂ ਦੇ ਮਤੇ ਜਲਦ ਤੋਂ ਜਲਦ ਪੇਸ਼ ਕਰਨਾ ਯਕੀਨੀ ਬਣਾਉਣ ਤਾਂ ਜੋ ਪਿੰਡਾਂ ਵਿੱਚ ਵਿਕਾਸ ਕਾਰਜਾਂ ਨੂੰ ਮੁਕੰਮਲ ਕੀਤਾ ਜਾ ਸਕੇ।

ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਸ੍ਰੀ ਅਤੁੱਲ ਮੌਂਗਾ ਅਤੇ ਸਮੂਹ ਮਗਨਰੇਗਾ ਸਟਾਫ਼ ਹਾਜ਼ਰ ਸੀ।